NIOS Class 12 Punjabi Question Paper 2023

This Question Paper consists of 24 questions and 8 printed pages.
ਇਸ ਪ੍ਰਸ਼ਨ ਪੱਤਰ ਵਿੱਚ 24 ਸੁਆਲ ਹਨ ਅਤੇ 8 ਛੱਪੇ ਹੋਏ ਪੰਨੇ ਹਨ ।

Roll No.
ਰੋਲ ਨੰ: ਅੰਕਾਂ ਵਿਚ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

Code No. 65/SS/A/P
ਕੋਡ ਨੰ.

Set/ਸੈਟ - A

# PUNJABI

# ਪੰਜਾਬੀ

# (310)

Day and Date of Examination
ਪਰੀਖਿਆ ਦਾ ਦਿਨ ਅਤੇ ਮਿਤੀ ______

Signature of Invigilators
ਨਿਰੀਖਕਾਂ ਦੇ ਦਸਖ਼ਤ

1. ______

2. ______

---

## ਆਮ ਹਿਦਾਇਤਾਂ :-

1 ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਉੱਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ।

2 ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਉੱਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹੈ।ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ)ਅਨੁਸਾਰ ਹੋਵੇ ।

3 ਆਬਜੈਕਟਿਵ ਟਾਇਪ ਪ੍ਰਸ਼ਨ ਜਿਹਨਾਂ ਦੇ ਚਾਰ ਵਿਕਲਪ [(A), (B), (C) ਅਤੇ (D)] ਹਨ ਵਿੱਚੋਂ ਇੱਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਪੁਸਤਕ ਵਿੱਚ ਲਿਖਣਾ ਹੈ।ਸਾਰੇ ਪ੍ਰਸ਼ਨ ਪੱਤਰ ਵਿੱਚ ਆਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇੱਕ ਸਮੇਂ ਅਨੁਸਾਰ ਹੀ ਕਰਨੇ ਹੈ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ।

4 ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਉੱਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।

5 ਉੱਤਰ ਪੁਸਤਿਕਾ ਦੇ ਪ੍ਰਸ਼ਨ ਦਾ ਨੰ. 65/SS/A/P ਸੈਟ - A ਉੱਤਰ ਕਾਪੀ ਵਿੱਚ ਲਿਖੋ ।



collegedunia
India's largest Student Review Platform

# PUNJABI
# ਪੰਜਾਬੀ
# (310)

Time : **3** Hours ] [Maximum Marks : **100**

ਸਮਾਂ : 3 ਘੰਟੇ ] [ ਕੁਲ ਅੰਕਾਂ : 100

---

ਨੋਟ : (i) ਸਭ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ । ਅੰਕ ਪ੍ਰਸ਼ਨਾਂ ਦੇ ਸਾਹਮਣੇ ਦਿੱਤੇ ਗਏ ਹਨ ।

(ii) ਪ੍ਰਸ਼ਨ ਸੰਖਿਆ ਨੰਬਰ (24) ਦੇ ਦੋ ਵਿੱਕਲਪ ਹਨ । ਇਨ੍ਹਾਂ ਵਿੱਚੋਂ ਇੱਕ ਵਿੱਕਲਪ ਦੇ ਪ੍ਰਸ਼ਨਾਂ ਦੇ ਉੱਤਰ ਦੇਣੇ ਹਨ ।

(iii) ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਯਤਨ ਕਰੋ ।

---

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ : **1×8=8**

**1** ਤੁਹਾਡੀ ਪਾਠ-ਪੁਸਤਕ ਵਿੱਚ ਪੀਲੂ ਦਾ ਕਿਹੜਾ ਕਿੱਸਾ ਸ਼ਾਮਲ ਹੈ ?

**2** ‘ਹਸਮ ਅਬਦਾਨ’ ਦੀ ਪਹਾੜੀ ਉੱਤੇ ਕੌਣ ਰਹਿੰਦਾ ਸੀ?

**3** ਜਦੋਂ ਪਰਮੇਸ਼ਰ ਨੇ ਬਾਬੇ ਨਾਨਕ ਤੋਂ ਪੁੱਛਿਆ ਕਿ ਉਸ ਦੇ ਨਾਂ ਦੀ ਵਡਿਆਈ ਕਿਹੋ ਜਿਹੀ ਹੈ ਤਾਂ ਬਾਬੇ ਨਾਨਕ ਨੇ ਕੀ ਜਵਾਬ ਦਿੱਤਾ?

**4** ‘‘ਸਿਰਫ ਲੰਗਰ ਖਾਣੇ ਨਹੀਂ ਕੁੱਛ ਬਾਤੇ ਸੁਣਨੇ ਭੀ ਜਾਤਾ ਹੂੰ! ਅਬ ਮੁਝੇ ਪੰਜਾਬੀ ਬੋਲੀ ਵੀ ਸਮਝ ਆ ਜਾਤੀ ਹੈ’’ਭਾਈ ਘਨਹਈਆ ਜੀ ਇਕਾਂਗੀ ਵਿੱਚ ਇਹ ਸ਼ਬਦ ਕੌਣ ਕਿਸਨੂੰ ਕਹਿ ਰਿਹਾ ਹੈ?

**5** ‘ ਹੋਲਾ ਮਹੱਲਾ’ ਕਿਹੜੇ ਸ਼ਬਦ ਗੁਰੂ ਜੀ ਨੇ ਮਨਾਉਣਾ ਸ਼ੁਰੂ ਕੀਤਾ ਸੀ?

**6** ‘ਪੇਮੀ ਦੇ ਨਿਆਣੇ’ ਕਹਾਣੀ ਵਿੱਚ ਲੇਖਕ ਨੂੰ ਬਚਪਨ ਵਿੱਚ ਖੇਤ ਜਾਣਾ ਕਿਹੋ ਜਿਹਾ ਲਗਦਾ ਸੀ?

**7** ‘ਅਖਾਣ’ ਕਦੋਂ ਵਰਤਿਆ ਜਾਂਦਾ ਹੈ?

**8** ਪੰਜਾਬੀ ਭਾਸ਼ਾ ਦੀਆਂ ਕੋਈ ਚਾਰ ਉੱਪ-ਭਾਸ਼ਾਵਾਂ ਦੇ ਨਾਂ ਲਿਖੋ।



collegedunia
India's largest Student Review Platform

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਲਈ ਸਹੀ ਵਿਕਲਪ ਚੁਣਕੇ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ : **1×10=10**

**9** ਬਾਬਾ ਫਰੀਦ ਜੀ ਅਨੁਸਾਰ ਹੇਠ ਲਿਖਿਆਂ ਵਿੱਚੋਂ ਕਿਸ ਦੀ ਬਰਾਬਰੀ ਕੋਈ ਮਿਠਾਸ ਨਹੀਂ ਕਰ ਸਕਦੀ:

(A) ਸ਼ਹਿਦ ਦੀ (B) ਗੁੜ ਦੀ

(C) ਰੱਬ ਦੀ ਦੇਣਾ ਦੀ (D) ਖੰਡ ਦੀ

**10** ਵੱਡੀ ਅਕਾਰੀ ਹਾਥੀ ਦੀ ਥਾਂ ਨਿੱਕੀ ਜਿਹੀ ਚਿੜੀ ਨੂੰ ਚੰਗਾ ਕਿਉਂ ਕਿਹਾ ਗਿਆ ਹੈ?

(A) ਸਹੁਪਣ ਕਾਰਨ (B) ਆਕਾਸ਼ ਵਿੱਚ ਉੱਡਣ ਕਾਰਨ

(C) ਹਉਮੈਂ ਤੋਂ ਮੁਕਤ ਹੋਣ ਕਾਰਨ (D) ਹਉਮੈਂ ਕਾਰਨ

**11** 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਭੈਣ-ਭਰਾ ਨੂੰ ਕਿਸ ਤੋਂ ਡਰ ਲੱਗਦਾ ਹੈ?

(A) ਸੁੰਨਸਾਨ ਥਾਂ ਤੋਂ (B) ਜੰਗਲ ਤੋਂ

(C) ਰਾਮੇ ਤੋਂ (D) ਪਠਾਣ ਤੋਂ

**12** ਭਾਈ ਘਨਹਈਆ ਜੀ ਦੀ ਸਾਖੀ ਕਿਸ ਯੁੱਧ ਨਾਲ ਸੰਬੰਧਤ ਹੈ?

(A) ਚੱਪਚਿੜੀ ਦਾ ਯੁੱਧ (B) ਸਰਸੇ ਦਾ ਯੁੱਧ

(C) ਚਮਕੌਰ ਦਾ ਯੁੱਧ (D) ਭੰਗਾਣੀ ਦਾ ਯੁੱਧ

**13** 'ਜਗਰਾਵਾਂ' ਦਾ ਮੇਲਾ ਕਿਹੜੇ ਮਹੀਨੇ ਲੱਗਦਾ ਹੈ ?

(A) ਸਾਵਣ (B) ਅਸੂ

(C) ਫੱਗਣ (D) ਪੋਹ



collegedunia
India's largest Student Review Platform

14 ‘ਭਾਈ ਘਨਹਈਆ’ ਜੀ ਇਕਾਂਗੀ ਦੇ ਹਵਾਲੇ ਨਾਲ ਦੱਸੋ ਕਿ ਜੰਗ ਦੇ ਮੈਦਾਨ ਵਿੱਚ ਚਿੱਟੇ ਝੰਡੇ ਦਾ ਕੀ ਮਤਲਬ ਹੈ?

(A) ਯੁੱਧ ਬੰਦੀ (B) ਸੇਵਾ ਕਰਨ

(C) ਹੌਂਸਲਾ (D) ਸ਼ਾਂਤੀ ਅਤੇ ਅਹਿੰਸਾ

15 ਪੰਜਾਬ ਵਿੱਚ ਸਰਦੀ ਸਭ ਤੋਂ ਵੱਧ ਕਿਹੜੇ ਮਹੀਨੇ ਵਿੱਚ ਪੈਂਦੀ ਹੈ :

(A) ਕੱਤਕ (B) ਮਾਘ

(C) ਮੋਹ (D) ਫੱਗਣ

16 ਹੇਠ ਲਿਖੇ ਸ਼ਬਦਾਂ ਦੇ ਸਹੀ ਸਮਾਨਾਰਥਕ ਸ਼ਬਦ ਦਿੱਤੇ ਗਏ ਵਿਕਲਪਾਂ ਵਿੱਚ ਚੁਣਕੇ ਆਪਣੀ ਉੱਤਰ ਪੁਸਤਕਾਂ ਵਿੱਚ ਲਿਖੋ?

‘ਉਦਾਸ’

(A) ਬੇਅਕਲ ਚਿੰਤਾਤੁਰ (B) ਚਿੰਤਾਹੀਣ

(C) ਪ੍ਰਸੰਨ

17 ਹੇਠ ਲਿਖੇ ਵਿਕਲਪਾਂ ਵਿੱਚੋਂ ਸ਼ਬਦਾਂ ਦੇ ਸਹੀ ਵਿਰੋਧੀ ਅਰਥ ਦੇਣ ਵਾਲੇ ਸ਼ਬਦ ਚੁਣਕੇ ਆਪਣੀ ਉੱਤਰ ਪੁਸਤਕਾਂ ਵਿੱਚ ਲਿਖੋ।

‘ਅਜ਼ਾਦ’

(A) ਸੁਤੰਤਰ (B) ਸਵਰਾਜ

(C) ਬਰੀ (D) ਗੁਲਾਮ

18 ਪੰਜਾਬੀ ਭਾਸ਼ਾ ਵਿੱਚੋਂ ਬਣਤਰ ਦੇ ਆਧਾਰ ਉੱਤੇ ਵਾਕ ਕਿੰਨੀ ਤਰਹਾਂ ਦੇ ਹੁੰਦੇ ਹਨ?

(A) ਪੰਜ ਤਰਹਾਂ ਦੇ (B) ਤਿੰਨ ਤਰਹਾਂ ਦੇ

(C) ਦੋ ਤਰਹਾਂ ਦੇ (D) ਛੇ ਤਰਹਾਂ ਦੇ



collegedunia
India's largest Student Review Platform

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਪਾਠਾਂ ਦੇ ਆਧਾਰ ਉੱਤੇ 30-40 ਸ਼ਬਦਾਂ ਵਿੱਚ ਲਿਖੋ : **2×10=20**

**19** (a) "ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜ-ਵਾਤਿ।।

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ।।"

ਉਪਰੋਕਤ ਸ਼ਲੋਕ ਵਿੱਚ ਬਾਬਾ ਫਰੀਦ ਜੀ ਕੀ ਕਹਿਣਾ ਚਾਹੁੰਦੇ ਹਨ? ਸੰਖੇਪ ਵਿੱਚ ਲਿਖੋ।

(b) ਗੁਰੂ ਨਾਨਕ ਦੇਵ ਜੀ ਦੀ ਬਾਣੀ-ਪੰਕਤੀ,

"ਸਉ ਮਣ ਹਸਤੀ ਘਿਉ ਗੁੜ ਖਾਵੈ!ਵਿੱਚ ਆਏ ਵਿਚਾਰ ਨੂੰ ਸੰਖੇਪ ਵਿੱਚ ਲਿਖੋ।

(c) ਸ:ਗੁਰਬਖਸ਼ ਸਿੰਘ ਪ੍ਰੀਤ ਬੇੜੀ ਅਨੁਸਾਰ 'ਕੁਦਰਤ ਪ੍ਰਤੀ' ਦਾਦੀ ਜੀ ਦਾ ਕੀ ਰਵਈਆ ਸੀ?

(d) 'ਮੁਕਤਸਰ ਦੇ ਮੇਲੇ' ਦੀ ਕੀ ਇਤਿਹਾਸਕ ਮਹਾਨਤਾ ਹੈ? ਸੰਖੇਪ ਵਿੱਚ ਲਿਖੋ।

(e) ਭਾਈ ਘਨਹਈਆ ਜੀ ਦੀ ਸਾਖੀ ਤੋਂ ਤੁਹਾਨੂੰ ਕੀ ਪ੍ਰੇਰਣਾ ਮਿਲਦੀ ਹੈ?

(f) ਅਨੁਵਾਦ ਕਰਨ ਵੇਲੇ ਅਨੁਵਾਦਕ ਦੀ ਕੀ ਜਿੰਮੇਵਾਰੀ ਹੈ?

(g) "ਅੱਥਰੂ ਡਾਇਰੀ" ਅੰਸ਼ ਵਿੱਚ ਬਲਰਾਜ ਸਾਹਨੀ ਦੁਆਰ ਉੱਤੇ ਆਏ ਮੁੰਡੇ ਦੀ ਕਿਹੜੀ ਗੱਲ ਸੁਣਕੇ ਪਿਘਲ ਜਾਂਦਾ ਹੈ?

(h) 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਭਰਾ ਅਤੇ ਉਸਦੀ ਭੈਣ ਨੂੰ ਕਿੱਥੇ ਜਾਣਾ ਪੈਂਦਾ ਸੀ ਅਤੇ ਕਿਉਂ?

(i) 'ਕੁਲਫ਼ੀ' ਕਹਾਣੀ ਦੇ ਕਥਾਵਾਚਕ ਅਨੁਸਾਰ ਲੋਕ ਘੱਟ ਤਨਖਾਹ ਦੇ ਵਿਰੋਧ ਵਿੱਚ ਆਪਣੀ ਆਵਾਜ਼ ਬੁਲੰਦ ਕਿਉਂ ਨਹੀਂ ਕਰਦੇ।

(j) 'ਕਰਾਮਾਤ' ਕਹਾਣੀ ਕਹਾਣੀ ਵਲੀ ਕੰਧਾਰੀ ਨੇ ਮਰਦਾਨੇ ਨੂੰ ਪਾਣੀ ਦੇਣ ਤੋਂ ਮਨ੍ਹਾਂ ਕਰਦਿਆਂ ਕੀ ਤਾਹਨਾ ਮਾਰਿਆ ਸੀ?



collegedunia
India's largest Student Review Platform

20 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ : **3×5=15**

(a) 'ਅਹਿੰਸਾ' ਬਾਰੇ ਸ:ਗੁਰਬਖਸ਼ ਸਿੰਘ ਦੇ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(b) 'ਭਾਈ ਘਨਹਈਆ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਸਨ, ਉਹਨਾਂ ਨੇ ਮਨੁੱਖਤਾ ਦੀ ਸੇਵਾ ਕਿਵੇਂ ਕੀਤੀ?

(c) 'ਗਿੱਧਾ' ਲੋਕ ਨਾਚ ਬਾਰੇ 100-125 ਸ਼ਬਦਾ ਵਿੱਚ ਲਿਖੋ?

21 ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 150-175 ਸ਼ਬਦਾਂ ਵਿੱਚ ਲਿਖੋ : **8×2=16**

(a) ਅੰਮ੍ਰਿਤਾ ਪ੍ਰੀਤਮ 'ਵਾਰਸਸ਼ਾਹ' ਨੂੰ ਕਬਰਾਂ ਵਿੱਚੋਂ ਉੱਠਕੇ ਆਉਣ ਲਈ ਕਿਉਂ ਕਹਿ ਰਹੀ ਹੈ।ਵਿਸਥਾਰ ਨਾਲ ਲਿਖੋ।

(b) ਪ੍ਰਿੰਟ ਮੀਡੀਆਂ ਤੋਂ ਕੀ ਭਾਵ ਹੈ? ਇਸਦੀ ਕੀ ਮਹੱਤਤਾ ਹੈ? ਪੰਜਾਬੀ ਪ੍ਰਿੰਟ ਮੀਡੀਆ ਦੀਆਂ ਸਮੱਸਿਆਂ ਦੇ ਹੱਲ ਬਾਰੇ ਲਿਖੋ।

22 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 200 ਸ਼ਬਦਾਂ ਦਾ ਭਾਵਪੂਰਕ ਲੇਖ ਲਿਖੋ : **10**

(a) ਦੇਸ਼ ਦੀ ਨੈਤਿਕਤਾ ਦਾ ਪਤਨ।

(b) ਪੁਸਤਕਾਂ ਦੀ ਦੁਨੀਆਂ।

(c) ਸੋ ਕਿਉਂ ਮੰਦਾ ਆਖੀਐ ਜਾਂ ਸਮਾਜ ਵਿੱਚ ਇਸਤਰੀ ਦਾ ਸਥਾਨ।

(d) ਬੇਰੁਜਗਾਰੀ ਦੀ ਸਮੱਸਿਆ।

23 ਤੁਹਾਡਾ ਸਕੂਟਰ ਚੋਰੀ ਹੋ ਗਿਆ ਹੈ, ਇਸ ਦੀ ਰਿਪੋਰਟ ਆਪਣੇ ਇਲਾਕੇ ਦੇ ਐਸ.ਐਚ.ਓ ਨੂੰ ਦਰਜ ਕਰਵਾਓ।

ਜਾਂ

ਦਿੱਲੀ ਦਰਸ਼ਨ ਦੇ ਨਿਰਦੇਸ਼ਕ ਨੂੰ ਟੀ.ਵੀ.ਉੱਤੇ ਦਿਖਾਏ ਜਾਂਦੇ ਪ੍ਰੋਗਰਾਮਾਂ ਨੂੰ ਹੋਰ ਚੰਗੇਰਾ ਬਣਾਉਣ ਲਈ ਮੰਗ ਕਰੋ।



collegedunia
India's largest Student Review Platform

## ਵਿੱਕਲਪ - I (ਅਨੁਵਾਦ)

24 (a) ਸੰਸਕ੍ਰਿਤੀ ਅਤੇ ਭਾਸ਼ਾ ਦੇ ਆਪਸੀ ਨਾਤੇ ਬਾਰੇ ਚਰਚਾ ਕਰੋ।

(b) ਅਨੁਵਾਦ ਕਰਨ ਵੇਲੇ ਦੁਭਾਸ਼ੀਏ ਦੀ ਮਾਨਸਿਕਤਾ ਵਿੱਚ ਕਿਹੜੀਆਂ ਪ੍ਰਕਿਰਿਆਵਾਂ ਸਮਾਨਾਂਤਰ ਚੱਲਦੀਆਂ ਹਨ?

(c) ਤਤਕਾਲ ਭਾਸ਼ਾਂਤਰਨ ਦੀਆਂ ਮੁਸ਼ਕਲਾਂ ਬਾਰੇ ਚਰਚਾ ਕਰੋ।

ਜਾਂ

## ਵਿੱਕਲਪ - II (ਪੰਜਾਬੀ ਸਿਨੇਮਾ)

(a) ਪੰਜਾਬੀ ਸਿਨੇਮਾਂ ਦੇ ਨਵੇਂ ਰੁਝਾਨਾਂ ਦੀ ਜਾਣਕਾਰੀ ਦਿਓ।

(b) ਪੰਜਾਬੀ ਸੱਭਿਆਚਾਰ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਪੰਜਾਬੀ ਗੀਤਾਂ ਨੇ ਕਿਵੇਂ ਪੇਸ਼ ਕੀਤਾ ਹੈ?

(c) ਸ:ਗੁਰਸ਼ਰਨ ਸਿੰਘ ਦੀ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਦੇਣ ਬਾਰੇ ਲਿਖੋ।



collegedunia
India's largest Student Review Platform

BLANK PAGE



collegedunia.com
India's largest Student Review Platform